**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਦਫ਼ਤਰ ਕੰਟਰੋਲਰ (ਪ੍ਰੀਖਿਆਵਾਂ)

ਨੰ. 4020 /ਸੀ.ਓ.ਈ.
ਮਿਤੀ 05/08/2021

## ਜ਼ਰੂਰੀ ਸੂਚਨਾ

ਕੰਟਰੋਲਰ ਦਫ਼ਤਰ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਪੱਤਰ ਨੰ. 2454/ਸੀ.ਓ.ਈ. ਮਿਤੀ 24.05.2021 ਰਾਹੀਂ ਯੂਨੀਵਰਸਿਟੀ ਵੱਲੋਂ ਅਜਿਹੇ ਵਿਦਿਆਰਥੀਆਂ ਨੂੰ ਪ੍ਰੀਖਿਆ ਦੇਣ ਲਈ ਇੱਕ ਵਿਸ਼ੇਸ਼ ਮੌਕਾ ਦਿੱਤਾ ਗਿਆ ਹੈ ਜੋ ਵਿਦਿਆਰਥੀ ਆਪਣੀ ਕਲਾਸ/ਕੋਰਸ ਦੇ ਇੱਕ ਭਾਗ/ਸਮੈਸਟਰ ਵਿੱਚ ਫੇਲ੍ਹ ਹੋਣ/ਗੈਰ-ਹਾਜ਼ਰ ਰਹਿਣ ਕਾਰਣ ਪੂਰੇ ਵਿਸ਼ੇ ਜਾਂ ਰੀ-ਅਪੀਅਰ/ਇੰਮਪਰੂਵਮੈਂਟ ਦੀ ਪ੍ਰੀਖਿਆ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਦੇ ਮੌਕਿਆਂ/ਸਮਾਂ ਸੀਮਾ ਵਿੱਚ ਪਾਸ ਨਹੀਂ ਕਰ ਸਕੇ ਜਿਸ ਕਾਰਣ ਉਨ੍ਹਾਂ ਨੂੰ ਕਲਾਸ/ਕੋਰਸ ਦੀ ਡਿਗਰੀ ਜਾਰੀ ਨਹੀਂ ਹੋ ਸਕੀ। ਇਹ ਮੌਕਾ ਉਨ੍ਹਾਂ ਵਿਦਿਆਰਥੀਆਂ ਲਈ ਦਿੱਤਾ ਗਿਆ ਸੀ ਜਿੰਨਾਂ ਨੇ ਉਹ ਪ੍ਰੀਖਿਆ ਦੇਣੀ ਸੀ ਜਿਸ ਕਲਾਸ/ਪੇਪਰ ਵਿੱਚ ਪ੍ਰੈਕਟੀਕਲ ਪ੍ਰੀਖਿਆ ਨਹੀਂ ਸੀ। ਵਿਦਿਆਰਥੀਆਂ ਵਲੋਂ ਮੰਗ ਕੀਤੀ ਗਈ ਸੀ ਕਿ ਪ੍ਰੈਕਟੀਕਲ ਪ੍ਰੀਖਿਆ ਵਾਲੀਆਂ ਕਲਾਸਾਂ/ਵਿਸ਼ਿਆਂ ਲਈ ਵੀ ਇਹ ਵਿਸ਼ੇਸ਼ ਮੌਕਾ ਦਿੱਤਾ ਜਾਵੇ। ਵਿਦਿਆਰਥੀਆਂ ਦੀ ਮੰਗ ਤੇ ਉਨ੍ਹਾਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਨੀਵਰਸਿਟੀ ਵਲੋਂ ਫੈਸਲਾ ਲਿਆ ਗਿਆ ਹੈ ਕਿ ਇਹ ਵਿਸ਼ੇਸ਼ ਮੌਕਾ ਉਨਾਂ ਵਿਦਿਆਰਥੀਆਂ ਲਈ ਵੀ ਹੈ ਜਿੰਨਾਂ ਨੇ ਇਸ ਮੌਕੇ ਤਹਿਤ ਉਹ ਪ੍ਰੀਖਿਆ ਦੇਣੀ ਹੈ ਜਿਸ ਵਿੱਚ ਪ੍ਰੈਕਟੀਕਲ ਹੈ। ਇਸ ਦੇ ਨਾਲ ਹੀ ਕੁੱਝ ਅਜਿਹੇ ਵਿਦਿਆਰਥੀ ਜਿਨ੍ਹਾਂ ਨੇ ਆਪਣੇ ਕਲਾਸ/ਕੋਰਸ ਵਿੱਚ ਇਨਵਾਇਰਨਮੈਂਟ ਐਂਡ ਰੋਡ ਸੇਫਟੀ ਅਵੈਰਨੈਸ ਅਤੇ ਡਰੱਗ ਐਬਿਊਜ਼ ਦਾ ਪੇਪਰ ਕੁਆਲੀਫਾਈ ਨਹੀਂ ਕੀਤਾ ਜਿਸ ਕਾਰਣ ਉਹਨਾਂ ਨੂੰ ਡਿਗਰੀ ਨਹੀਂ ਮਿਲੀ ਨੂੰ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦਿੱਤਾ ਗਿਆ ਹੈ।

ਉਕਤ ਵਿਸ਼ੇਸ਼ ਮੌਕੇ ਤਹਿਤ ਪ੍ਰੀਖਿਆ ਫ਼ੀਸ ਅਤੇ ਪ੍ਰੀਖਿਆ ਫਾਰਮ ਦੀ ਆਖਰੀ ਮਿਤੀ 16.08.2021 ਤੱਕ ਵਾਧਾ ਕੀਤਾ ਜਾਂਦਾ ਹੈ। ਇਸ ਵਿਸ਼ੇਸ਼ ਮੌਕੇ ਲਈ ਬਾਕੀਆਂ ਸ਼ਰਤਾਂ ਮਿਤੀ 24/05/2021 ਨੂੰ ਜਾਰੀ ਨੋਟੀਫਿਕੇਸ਼ਨ ਨੰ. 2454/ਸੀ.ਓ.ਈ. ਅਨੁਸਾਰ ਹੀ ਹੋਣਗੀਆਂ।

5/8/21

**ਕੰਟਰੋਲਰ (ਪ੍ਰੀਖਿਆਵਾਂ)**

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ

Scanned with CamScan